# ਫੈਕਟ ਸ਼ੀਟ

## ਕੈਲੀਫੋਰਨੀਆ ਸਿਖਲਾਈ ਲਾਭ

Employment Development Department
State of California

ਕੈਲੀਫੋਰਨੀਆ ਸਿਖਲਾਈ ਲਾਭ (CTB) ਬੇਰੁਜ਼ਗਾਰੀ ਬੀਮੇ (UI) ਦੇ ਦਾਅਵੇਦਾਰਾਂ ਨੂੰ UI ਲਾਭ ਪ੍ਰਾਪਤ ਕਰਨ ਦੇ ਨਾਲ-ਨਾਲ ਰੁਜ਼ਗਾਰ ਵਿਕਾਸ ਵਿਭਾਗ (EDD) ਵੱਲੋਂ ਮਾਨਤਾ ਪ੍ਰਾਪਤ ਸਕੂਲ ਜਾਂ ਸਿਖਲਾਈ ਪ੍ਰੋਗਰਾਮ ਵਿੱਚ ਭਾਗ ਲੈਂਦੇ ਹੋਏ ਅੱਗੇ ਪੜ੍ਹਾਈ ਕਰਨ, ਆਪਣੇ ਹੁਨਰ ਵਿੱਚ ਵਾਧਾ ਕਰਨ ਜਾਂ ਨਵੇਂ ਕਾਰੋਬਾਰ ਬਾਰੇ ਸਿੱਖਣ ਦਾ ਅਵਸਰ ਦਿੰਦਾ ਹੈ।

ਸਵੀਕਾਰ ਹੋਏ CTB ਭਾਗੀਦਾਰੀਆਂ ਨੂੰ EDD ਵੱਲੋਂ ਮਾਨਤਾ ਪ੍ਰਾਪਤ ਸਿਖਲਾਈ ਪ੍ਰੋਗਰਾਮ ਵਿੱਚ ਭਾਗ ਲੈਣ ਦੌਰਾਨ ਕੰਮ ਲਈ ਉਪਲਬਧ ਹੋਣ, ਕੰਮ ਲੱਭਣ, ਅਤੇ ਢੁਕਵਾਂ ਕੰਮ ਸਵੀਕਾਰ ਕਰਨ ਲਈ UI ਦਾਅਵੇ ਦੀਆਂ ਆਮ ਲੋੜਾਂ ਤੋਂ ਛੋਟ ਪ੍ਰਾਪਤ ਹੈ। 16ਵੇਂ ਹਫਤੇ ਲਈ ਨਿਯਮਤ UI ਲਾਭ ਭੁਗਤਾਨ ਪ੍ਰਾਪਤ ਕਰਨ ਤੋਂ ਪਹਿਲਾਂ ਸਕੂਲ ਜਾਂ ਸਿਖਲਾਈ ਪ੍ਰੋਗਰਾਮ ਵਿੱਚ ਜਾਣ ਲਈ ਪੁੱਛ-ਗਿੱਛ ਕਰਨ ਵਾਲੇ UI ਦਾਅਵੇਦਾਰ ਸਿਖਲਾਈ ਦੀ ਮਿਆਦ ਵਿੱਚ ਵਾਧਾ ਹੋਣ ਕਾਰਨ ਹੋਰ ਹਫਤਿਆਂ ਲਈ ਵੀ ਭੁਗਤਾਨ ਦੇ ਲਾਭਪਾਤਰ ਹੋ ਸਕਦੇ ਹਨ।

EDD ਨੂੰ ਸਿਖਲਾਈ ਪ੍ਰੋਗਰਾਮ ਦੀ ਕਿਸਮ ਵੱਲ ਧਿਆਨ ਦਿੱਤੇ ਬਿਨਾਂ CTB ਵਿੱਚ ਭਾਗ ਲੈਣ ਲਈ ਦਾਅਵੇਦਾਰ ਦੀ ਪਾਤਰਤਾ ਬਾਰੇ ਫੈਸਲਾ ਕਰਨ ਤੋਂ ਪਹਿਲਾਂ ਸਿਖਲਾਈ ਪ੍ਰਦਾਤਾ ਨਾਲ ਲਾਜ਼ਮੀ ਤੌਰ 'ਤੇ UI ਦਾਅਵੇਦਾਰ ਦੇ ਨਾਮਾਂਕਨ ਅਤੇ ਹਾਜ਼ਰੀ ਦੀ ਪੁਸ਼ਟੀ ਕਰਨੀ ਚਾਹੀਦੀ ਹੈ।

### ਯੋਗ ਸਿਖਲਾਈ ਪ੍ਰੋਗਰਾਮ

ਸਰਕਾਰ ਵੱਲੋਂ ਆਯੋਜਿਤ ਸਿਖਲਾਈ ਪ੍ਰੋਗਰਾਮਾਂ ਜਾਂ ਵਿਸ਼ੇਸ਼ ਕਿਸਮ ਦੀ ਪ੍ਰਾਯੋਜਿਤ ਸਿਖਲਾਈ ਵਿੱਚ ਭਾਗ ਲੈ ਰਹੇ UI ਦਾਅਵੇਦਾਰ CTB ਵਿੱਚ ਭਾਗ ਲੈਣ ਦੇ ਯੋਗ ਹੋ ਸਕਦੇ ਹਨ। ਇੱਕ ਵਾਰ EDD ਵੱਲੋਂ ਦਾਅਵੇਦਾਰ ਦੇ ਨਾਮਾਂਕਨ ਅਤੇ ਹਾਜ਼ਰੀ ਦੀ ਪੁਸ਼ਟੀ ਕਰਨ ਤੋਂ ਬਾਅਦ ਹੇਠ ਦਿੱਤੀਆਂ ਕਿਸਮਾਂ ਦੇ ਸਿਖਲਾਈ ਪ੍ਰੋਗਰਾਮਾਂ ਨੂੰ ਮੰਨਜ਼ੂਰੀ ਦਿੱਤੀ ਜਾਵੇਗੀ।

#### *ਸਰਕਾਰ ਵੱਲੋਂ ਆਯੋਜਿਤ ਸਿਖਲਾਈ ਪ੍ਰੋਗਰਾਮ*

- ਸੰਘੀ ਕਾਰਜਬਲ ਨਵਾਚਾਰ ਅਤੇ ਅਵਸਰ ਕਨੂੰਨ (Federal Workforce Innovation and Opportunity Act)।
- ਕੈਲੀਫੋਰਨੀਆ ਰੁਜ਼ਗਾਰ ਸਿਖਲਾਈ ਪੈਨਲ (California Employment Training Panel)।
- ਸੰਘੀ ਵਪਾਰ ਵਿਵਸਥਾ ਲਈ ਸਹਾਇਤਾ (Federal Trade Adjustment Assistance)।
- ਕੈਲੀਫੋਰਨੀਆ ਕਾਰਜ ਅਵਸਰ ਅਤੇ ਬੱਚਿਆਂ ਪ੍ਰਤੀ ਜ਼ਿਮੇਦਾਰੀ (California Work Opportunity and Responsibility to Kids)।
- ਕੈਲੀਫੋਰਨੀਆ ਦੀ ਯੋਗ ਸਿਖਲਾਈ ਪ੍ਰਦਾਤਾ ਸੂਚੀ ਵਿੱਚ ਦਿੱਤੇ ਗਏ ਪ੍ਰੋਗਰਾਮ ਅਤੇ ਪ੍ਰਦਾਤਾ।
- K- 12 ਗਣਿਤ, ਵਿਗਿਆਨ, ਜਾਂ ਵਿਸ਼ੇਸ਼ ਸਿੱਖਿਆ ਦੇ ਵਿਸ਼ਿਆਂ ਵਿੱਚ ਇੱਕ ਵਿਸ਼ਾ ਪੜ੍ਹਾਉਣ ਲਈ ਪ੍ਰਮਾਣ-ਪੱਤਰ ਪ੍ਰਦਾਨ ਕਰਨ ਵਾਲੇ ਪ੍ਰੋਗਰਾਮ, ਜੋ ਕਿ ਕੈਲੀਫੋਰਨੀਆ ਕਮੀਸ਼ਨ ਆਨ ਟੀਚਿੰਗ ਕ੍ਰੀਡੈਂਸ਼ਲਿੰਗ (California Commission on Teaching Credentialing) ਵੱਲੋਂ ਮਾਨਤਾ ਪ੍ਰਾਪਤ ਹਨ।

#### *ਪ੍ਰਾਯੋਜਿਤ ਸਿਖਲਾਈ ਪ੍ਰੋਗਰਾਮ*

- ਉਦਯੋਗ-ਸੰਬੰਧਤ ਸਿਖਲਾਈ ਵਿੱਚ ਕਿਸੇ ਯੂਨੀਅਨ ਜਾਂ ਵਪਾਰਕ ਸੰਗਠਨ ਦੇ ਸਰਗਰਮ ਯਾਤਰਾ ਪੱਧਰ ਦੇ ਸਦੱਸ।
- ਰੁਜ਼ਗਾਰਦਾਤਾ ਜਾਂ ਰੁਜ਼ਗਾਰਦਾਤਾ ਸੰਗਠਨ ਦੁਆਰਾ ਪ੍ਰਾਯੋਜਿਤ ਸਿਖਲਾਈ।
- ਰਾਜ ਜਾਂ ਸੰਘ ਦੁਆਰਾ ਮਾਨਤਾ ਪ੍ਰਾਪਤ ਸ਼ਗਿਰਦੀ ਸਿਖਲਾਈ।

### ਸਵੈ-ਆਯੋਜਿਤ ਸਿਖਲਾਈ

UI ਲਾਭਾਂ ਦੇ ਲਈ ਯੋਗ ਅਤੇ ਆਪਣੀ ਖੁਦ ਦੀ ਸਿਖਲਾਈ ਹਾਜ਼ਰੀ ਲਈ ਪ੍ਰਬੰਧ ਕਰਨ ਵਾਲੇ ਦਾਅਵੇਦਾਰ CTB ਲਈ ਕੇਵਲ ਤਾਂ ਹੀ ਯੋਗ ਹੋ ਸਕਦੇ ਹਨ ਜੇਕਰ ਉਹ ਸਵੈ-ਆਯੋਜਿਤ ਸਿਖਲਾਈ ਦੀਆਂ ਸਾਰੀਆਂ ਕਨੂੰਨੀ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ, ਜਿੰਨ੍ਹਾਂ ਵਿੱਚ ਹੇਠ ਲਿਖੀਆਂ ਚੀਜਾਂ ਸ਼ਾਮਲ ਹਨ:

- ਇਸ ਸਿਖਲਾਈ ਪ੍ਰੋਗਰਾਮ ਤੋਂ ਉਹ ਰੁਜ਼ਗਾਰ ਜਾਂ ਹੁਨਰ ਪੈਦਾ ਹੁੰਦੇ ਹਨ ਜਿੰਨ੍ਹਾਂ ਦੀ ਲੋਕਲ ਲੇਬਰ ਮਾਰਕਿਟ ਵਿੱਚ ਮੰਗ ਹੈ।
- ਇਹ ਸਿਖਲਾਈ ਪ੍ਰੋਗਰਾਮ ਫੁਲ-ਟਾਈਮ ਹੈ (ਆਮ ਤੌਰ 'ਤੇ ਪ੍ਰਤਿ ਹਫਤਾ ਘੱਟੋ-ਘੱਟ 20 ਘੰਟੇ ਜਾਂ 12 ਛਿਮਾਹੀ ਜਾਂ ਤਿਮਾਹੀ ਇਕਾਈਆਂ)।
- ਇਹ ਸਿਖਲਾਈ ਪ੍ਰਦਾਤਾ ਯੂ.ਐਸ. ਸਿੱਖਿਆ ਵਿਭਾਗ (U.S. Department of Education) ਜਾਂ ਕੈਲੀਫੋਰਨੀਆ ਬਿਊਰੋ ਫਾਰ ਪ੍ਰਾਈਵੇਟ ਪੋਸਟਸਕੈਂਡਰੀ ਐਜੂਕੇਸ਼ਨ (California Bureau for Private Postsecondary Education) ਵੱਲੋਂ ਪੂਰੀ ਤਰ੍ਹਾਂ ਮਾਨਤਾ ਪ੍ਰਾਪਤ ਹੈ।
- ਇਹ ਸਿਖਲਾਈ ਪ੍ਰੋਗਰਾਮ ਇੱਕ ਵਾਜਬ ਸਮੇਂ ਵਿੱਚ ਪੂਰਾ ਕੀਤਾ ਜਾ ਸਕਦਾ ਹੈ (ਆਮ ਤੌਰ 'ਤੇ ਦੋ ਸਾਲ ਤੋਂ ਜ਼ਿਆਦਾ ਨਹੀਂ)।
- ਇਸ ਸਿਖਲਾਈ ਪ੍ਰੋਗਰਾਮ ਨੂੰ ਤਾਂ ਵੀ ਸਫਲਤਾਪੂਰਕ ਪੂਰਾ ਕੀਤਾ ਜਾ ਸਕਦਾ ਹੈ ਜੇਕਰ ਦਾਅਵੇ ਵਿੱਚ ਉਪਲਬਧ UI ਲਾਭਾਂ ਦੀ ਵੱਧ-ਤੋਂ-ਵੱਧ ਮਾਤਰਾ ਸਮੁੱਚੇ ਸਿਖਲਾਈ ਪ੍ਰੋਗਰਾਮ ਦੀ ਮਿਆਦ ਨੂੰ ਕਵਰ ਕਰਨ ਲਈ ਕਾਫੀ ਨਹੀਂ ਹੈ।

### ਸਿਖਲਾਈ ਦੀ ਮਿਆਦ ਵਿੱਚ ਵਾਧੇ ਲਈ ਯੋਗਤਾ

ਸਿਖਲਾਈ ਦੀ ਮਿਆਦ ਵਿੱਚ ਵਾਧੇ ਦੇ ਦਾਅਵੇ ਲਈ ਯੋਗ ਹੋਣ ਦੇ ਲਈ, ਭਾਗੀਦਾਰਾਂ ਨੂੰ CTB ਯੋਗਤਾ ਮਾਪਦੰਡ ਦੀਆਂ ਸਾਰੀਆਂ ਜ਼ਰੂਰਤਾਂ ਲਾਜ਼ਮੀ ਤੌਰ 'ਤੇ ਪੂਰੀਆਂ ਕਰਨੀਆਂ ਚਾਹੀਦੀਆਂ ਹਨ ਅਤੇ 16ਵੇਂ ਹਫਤੇ ਲਈ ਆਪਣੇ ਨਿਯਮਤ UI ਲਾਭ ਭੁਗਤਾਨਾਂ ਨੂੰ ਪ੍ਰਾਪਤ ਕਰਨ ਤੋਂ ਪਹਿਲਾਂ ਸਕੂਲ ਜਾਂ ਸਿਖਲਾਈ ਹਾਜ਼ਰੀ ਬਾਰੇ ਪੁੱਛ-ਗਿੱਛ ਕਰਨੀ ਚਾਹੀਦੀ ਹੈ। ਸਿਖਲਾਈ ਦੀ ਮਿਆਦ ਵਿੱਚ ਵਾਧੇ ਦੇ ਲਾਭ ਭਾਗੀਦਾਰ ਨੂੰ ਕੇਵਲ ਮਾਨਤਾ ਪ੍ਰਾਪਤ ਸਿਖਲਾਈ ਪ੍ਰੋਗਰਾਮ ਵਿੱਚ ਭਾਗ ਲੈਣ ਦੌਰਾਨ ਹੀ ਭੁਗਤਾਨਯੋਗ ਹੋਣਗੇ। ਸਿਖਲਾਈ ਦੀ ਮਿਆਦ ਵਿੱਚ ਵਾਧੇ ਵੱਧ-ਤੋਂ-ਵੱਧ ਕੁੱਲ 52

ਹਫਤਿਆਂ ਦੇ ਲਾਭ ਭੁਗਤਾਨ ਮੁਹੱਈਆ ਕਰ ਸਕਦੇ ਹਨ, ਜੋ ਕਿ ਦਾਅਵੇਦਾਰ ਨੂੰ ਭੁਗਤਾਨ ਕੀਤੇ ਜਾਣ ਵਾਲੇ ਹੋਰਨਾਂ ਸਾਰੇ UI ਲਾਭਾਂ ਤੋਂ ਰਹਿਤ ਹਨ। ਹਰੇਕ UI ਦਾਅਵੇ ਲਈ ਕੇਵਲ ਇੱਕ ਵਾਰ ਸਿਖਲਾਈ ਦੀ ਮਿਆਦ ਵਿੱਚ ਵਾਧੇ ਦੀ ਇਜਾਜ਼ਤ ਹੈ। ਸਿਖਲਾਈ ਦੀ ਮਿਆਦ ਵਿੱਚ ਵਾਧੇ ਤਿੰਨ ਹਫਤਿਆਂ ਤੋਂ ਜ਼ਿਆਦਾ ਸਮੇਂ ਦੀਆਂ ਗਰਮੀ ਦੀਆਂ ਛੁੱਟੀਆਂ ਦੇ ਦੌਰਾਨ ਭੁਗਤਾਨਯੋਗ ਨਹੀਂ ਹਨ।

## ਟਿਊਸ਼ਨ, ਕਿਤਾਬਾਂ, ਅਤੇ ਫੀਸਾਂ

EDD ਟਿਊਸ਼ਨ, ਫੀਸਾਂ, ਕਿਤਾਬਾਂ, ਸਮੱਗਰੀਆਂ, ਜਾਂ ਆਉਣ-ਜਾਣ ਦੇ ਕਿਰਾਏ ਵਰਗੇ ਸਕੂਲ ਜਾਂ ਸਿਖਲਾਈ-ਸੰਬੰਧਤ ਖਰਚਿਆਂ ਨੂੰ ਕਵਰ ਨਹੀਂ ਕਰਦਾ ਹੈ। ਹਾਲਾਂਕਿ, ਭਾਗੀਦਾਰ ਸਿਖਲਾਈ ਲਈ ਫੰਡ ਦੇਣ ਵਾਲੇ ਹੋਰਾਂ ਰਾਜਸੀ, ਸੰਘੀ, ਜਾਂ ਰੁਜ਼ਗਾਰਦਾਤਾ ਪ੍ਰੋਗਰਾਮਾਂ ਲਈ ਅਰਜ਼ੀ ਦੇ ਸਕਦੇ ਹਨ। ਉਪਲਬਧ ਵੱਖ-ਵੱਖ ਕਿਸਮਾਂ ਦੇ ਆਰਥਿਕ ਸਹਾਇਤਾ ਪ੍ਰੋਗਰਾਮਾਂ ਬਾਰੇ ਹੋਰ ਜਾਣਨ ਲਈ **www.studentaid.ed.gov** 'ਤੇ ਜਾਓ।

## ਹੋਰ ਜਾਣਕਾਰੀ ਲਈ

ਕੈਲੀਫੋਰਨੀਆ ਬੇਰੁਜ਼ਗਾਰੀ ਬੀਮੇ ਦੇ ਨਿਯਮਾਂ ਦੀ ਦਫ਼ਾ 1.5 ਵਿੱਚ CTB ਪ੍ਰੋਗਰਾਮ ਲਈ ਕਨੂੰਨੀ ਪਾਤਰਤਾ ਬਾਰੇ ਦੱਸਿਆ ਗਿਆ ਹੈ। CTB ਪ੍ਰੋਗਰਾਮ ਬਾਰੇ ਵਾਧੂ ਜਾਣਕਾਰੀ ਲਈ **www.edd.ca.gov/CTB** 'ਤੇ ਜਾਓ।

EDD ਸਮਾਨ ਅਵਸਰ ਦੇਣ ਵਾਲਾ ਰੁਜ਼ਗਾਰਦਾਤਾ/ਪ੍ਰੋਗਰਾਮ ਹੈ। ਬੇਨਤੀ ਕਰਨ 'ਤੇ ਅਮਸਰੱਥ ਲੋਕਾਂ ਲਈ ਵਾਧੂ ਸਹਾਇਤਾ ਅਤੇ ਸੇਵਾਵਾਂ ਉਪਲਬਧ ਹਨ। 1-866-490-8879 (ਵੌਇਸ) 'ਤੇ ਕਾਲ ਕਰ ਕੇ ਸੇਵਾਵਾਂ, ਸਹਾਇਤਾਵਾਂ, ਅਤੇ/ਜਾਂ ਵਿਕਪਲਕ ਸਰੂਪਾਂ ਲਈ ਬੇਨਤੀਆਂ ਕੀਤੀਆਂ ਜਾ ਸਕਦੀਆਂ ਹਨ। TTY ਵਰਤੋਂਕਾਰ, ਕਿਰਪਾ ਕਰਕੇ 711 'ਤੇ California Relay Service ਨੂੰ ਫ਼ੋਨ ਕਰੋ।